# ਪੰਜਾਬ ਸਕੂਲ ਸਿੱਖਿਆ ਬੋਰਡ
## ਪਬਲਿਕ ਨੋਟਿਸ

ਸੈਸ਼ਨ 2011-12 ਲਈ ਓਪਨ ਸਕੂਲ ਦੇ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਉਮੀਦਵਾਰਾਂ ਦੁਆਰਾ ਅਧਿਐਨ ਕੇਂਦਰਾਂ ਰਾਹੀਂ ਸਮੈਸਟਰ ਪ੍ਰਣਾਲੀ ਅਧੀਨ ਦਾਖ਼ਲਿਆਂ ਸਬੰਧੀ ਸ਼ੈਡਿਊਲ ਹੇਠ ਅਨੁਸਾਰ ਨਿਰਧਾਰਿਤ ਕੀਤਾ ਜਾਂਦਾ ਹੈ:-

| ਸ਼੍ਰੇਣੀ | ਬਿਨਾਂ ਲੇਟ ਫੀਸ/ ਲੇਟ ਫੀਸ | ਦਾਖ਼ਲਾ ਫੀਸ | ਫਾਰਮ ਫੀਸ (ਜੇਕਰ ਡਾਊਨਲੋਡ ਕੀਤਾ ਹੈ) | ਅਧਿਐਨ ਕੇਂਦਰ ਵਿੱਚ ਦਾਖ਼ਲਾ ਲੈਣ ਅਤੇ ਫੀਸ ਜਮ੍ਹਾਂ ਕਰਾਉਣ ਦੀ ਮਿਤੀ | ਬੋਰਡ ਵਿਖੇ ਦਾਖ਼ਲਾ ਫਾਰਮ ਜਮ੍ਹਾਂ ਕਰਾਉਣ ਦੀ ਮਿਤੀ |
|---|---|---|---|---|---|
| ਦਸਵੀਂ | ਬਿਨਾਂ ਲੇਟ ਫੀਸ | 1200/-ਰੁ: | 100/- ਰੁ: | 01-04-2011 ਤੋਂ 16-05-2011 ਤੱਕ | 18-05-2011 |
| ਬਾਰ੍ਹਵੀਂ | ਬਿਨਾਂ ਲੇਟ ਫੀਸ | 1400/-ਰੁ: | 100/- ਰੁ: | 01-04-2011 ਤੋਂ 16-05-2011 ਤੱਕ | 18-05-2011 |
| ਦਸਵੀਂ | 250/- ਰੁ: ਲੇਟ ਫੀਸ | 1450/- ਰੁ: | 100/- ਰੁ: | 17-05-2011 ਤੋਂ 31-05-2011 ਤੱਕ | 02-06-2011 |
| ਬਾਰ੍ਹਵੀਂ | 250/- ਰੁ: ਲੇਟ ਫੀਸ | 1650/- ਰੁ: | 100/- ਰੁ: | 17-05-2011 ਤੋਂ 31-05-2011 ਤੱਕ | 02-06-2011 |

ਨੋਟ:

1. ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਫੇਲ੍ਹ ਹੋਏ ਵਿਦਿਆਰਥੀ ਮੁੱਖ ਨਤੀਜਾ ਨਿਕਲਣ ਤੋਂ 15 ਦਿਨਾਂ ਦੇ ਅੰਦਰ ਅੰਦਰ ਜਾਂ ਜੇ ਸਕੂਲ ਵਿੱਚ ਸਿੱਖਿਆ ਵਿਭਾਗ ਵੱਲੋਂ ਜਾਰੀ ਸ਼ੈਡਿਊਲ ਮੁਤਾਬਿਕ ਛੁੱਟੀਆਂ ਹੋਣ ਤਾਂ ਸਕੂਲ ਖੁੱਲ੍ਹਣ ਤੋਂ ਬਾਅਦ 10 ਦਿਨਾਂ ਦੇ ਅੰਦਰ ਦਾਖ਼ਲਾ ਲੈ ਸਕਦੇ ਹਨ।

2. ਐਸ.ਸੀ./ਬੀ.ਸੀ./ਅਪੰਗ ਲੜਕਿਆਂ ਅਤੇ ਸਮੂਹ ਲੜਕੀਆਂ ਨੂੰ ਦਾਖ਼ਲਾ ਫੀਸ ਵਿੱਚ 50/- ਰੁ: ਪ੍ਰਤੀ ਵਿਦਿਆਰਥੀ ਛੋਟ ਹੋਵੇਗੀ।

3. ਦਸਵੀਂ ਸ਼੍ਰੇਣੀ ਲਈ ਪੰਜਾਬ ਰਾਜ ਦੇ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਫੀਸ 150/- ਰੁ:, ਬਾਰ੍ਹਵੀਂ ਸ਼੍ਰੇਣੀ (ਓਪਨ ਸਕੂਲ) ਕੰਟੀਨਿਊਸ਼ਨ ਫੀਸ 100/- ਰੁ: ਅਤੇ ਦੂਸਰੇ ਰਾਜਾਂ/ਬੋਰਡਾਂ ਦੇ ਉਮੀਦਵਾਰਾਂ ਲਈ ਰਜਿਸਟਰੇਸ਼ਨ ਫੀਸ 1000/- ਰੁ: ਹੋਵੇਗੀ।

4. ਵਾਧੂ ਵਿਸ਼ਾ ਫੀਸ 250/- ਰੁ: ਅਤੇ ਕਰੈਡਿਟ ਕੈਰੀ ਪ੍ਰਤੀ ਵਿਸ਼ਾ 70/-ਰੁ: ਹੋਵੇਗੀ।

5. ਪ੍ਰੀਖਿਆ ਫੀਸ ਅਤੇ ਹੋਰ ਦੂਸਰੀਆਂ ਫੀਸਾਂ ਆਦਿ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਰੈਗੂਲਰ ਪ੍ਰੀਖਿਆਰਥੀਆਂ ਵਾਲੀਆਂ ਹੀ ਹੋਣਗੀਆਂ।

6. ਦਾਖ਼ਲਾ ਫੀਸ ਸੁਵਿਧਾ ਅਨੁਸਾਰ ਬੋਰਡ ਦੇ ਖੇਤਰੀ ਦਫਤਰਾਂ ਵਿਖੇ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ ਪਰ ਦਾਖ਼ਲਾ ਫਾਰਮ ਬੋਰਡ ਦੇ ਮੁੱਖ ਦਫਤਰ ਵਿਖੇ ਉਪਰੋਕਤ ਦਰਜ ਮਿਤੀਆਂ ਅਨੁਸਾਰ ਹੀ ਜਮ੍ਹਾਂ ਕਰਵਾਏ ਜਾਣ।

7. ਪ੍ਰਾਸਪੈਕਟਸ ਕਮ ਦਾਖ਼ਲਾ ਫਾਰਮ ਬੋਰਡ ਦੇ ਦਫਤਰ/ਖੇਤਰੀ ਦਫਤਰਾਂ ਤੋਂ ਦਸਤੀ 100/- ਰੁ: ਅਤੇ ਡਾਕ ਦੁਆਰਾ 200/- ਰੁ: ਦੀ ਅਦਾਇਗੀ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਸ਼ਰਤਾਂ/ਹਦਾਇਤਾਂ ਅਤੇ ਅਧਿਐਨ ਕੇਂਦਰਾਂ ਦਾ ਵੇਰਵਾ ਬੋਰਡ ਦੀ ਵੈਬਸਾਈਟ www.pseb.ac.in ਤੋਂ ਡਾਊਨਲੋਡ ਕਰਕੇ ਜਾਂ ਬੋਰਡ ਦੇ ਦਫਤਰ/ਖੇਤਰੀ ਦਫਤਰ ਤੋਂ ਦਸਤੀ ਪ੍ਰਾਪਤ ਕੀਤੇ ਜਾ ਸਕਦੇ ਹਨ।

ਸਕੱਤਰ